Obstetric ultrasound (Punjabi) -
# ਓਬਸਟੈਟ੍ਰਿਕ (ਜਣੇਪੇ ਸੰਬੰਧੀ) ਅਲਟਰਾਸਾਉਂਡ

Adult (including Gillick competent young person under 18 years) | Patient information

Queensland Government

**ਇਸ ਫਾਰਮ ਦੀ ਇੱਕ ਕਾਪੀ ਮਰੀਜ਼ / ਬਦਲਵੇਂ ਤੌਰ 'ਤੇ ਫੈਸਲਾ ਲੈਣ ਵਾਲੇ ਨੂੰ ਧਿਆਨ ਨਾਲ ਪੜ੍ਹਨ ਲਈ ਦੇਣੀ ਚਾਹੀਦੀ ਹੈ ਅਤੇ ਇਸ ਪ੍ਰਕਿਰਿਆ ਬਾਰੇ ਕੋਈ ਪ੍ਰਸ਼ਨ ਪੁੱਛਣ ਲਈ ਲੋੜੀਦਾ ਸਮਾਂ ਦੇਣਾ ਚਾਹੀਦਾ ਹੈ। ਮਰੀਜ਼ ਦੀ ਜਾਣਕਾਰੀ ਸ਼ੀਟ ਨੂੰ ਮਰੀਜ਼ ਦੇ ਮੈਡੀਕਲ ਰਿਕਾਰਡ ਵਿਚ ਸ਼ਾਮਲ ਕਰਨਾ ਚਾਹੀਦਾ ਹੈ.**

## 1. ਓਬਸਟੈਟ੍ਰਿਕ (ਜਣੇਪੇ ਸੰਬੰਧੀ) ਅਲਟਰਾਸਾਉਂਡ ਕੀ ਹੈ ਅਤੇ ਇਹ ਮੇਰੀ / ਰੋਗੀ ਦੀ ਮਦਦ ਕਿਵੇਂ ਕਰੇਗਾ?





*Image 1: Ultrasound (adapted).*
*Illustration Copyright © 2019 Nucleus Medical Media, All rights reserved. www.nucleusmedicalmedia.com*

ਓਬਸਟੈਟ੍ਰਿਕ (ਜਣੇਪੇ ਸੰਬੰਧੀ) ਅਲਟਰਾਸਾਉਂਡ ਅਜਿਹੀ ਪ੍ਰਕਿਰਿਆ ਹੈ ਜੋ ਤੁਹਾਡੇ ਬੱਚੇਦਾਨੀ (ਕੁੱਖ) ਦੇ ਅੰਦਰੋਂ ਤੁਹਾਡੇ ਬੱਚੇ ਦੀਆਂ ਫੋਟੋਆਂ ਲੈਣ ਲਈ ਅਲਟਰਾਸਾਉਂਡ (ਆਵਾਜ਼ ਧੁਨੀਆਂ) ਦੀ ਵਰਤੋਂ ਕਰਦੀ ਹੈ।

ਅਲਟਰਾਸਾਉਂਡ ਰੇਡੀਏਸ਼ਨ (ਵਿਕਿਰਨਾਂ) ਦੀ ਵਰਤੋਂ ਨਹੀਂ ਕਰਦਾ।

ਅਲਟਰਾਸਾਉਂਡ ਇਹਨਾਂ ਦੀ ਜਾਂਚ ਲਈ ਲਾਭਦਾਇਕ ਹੈ:
- ਗਰਭ ਅਵਸਥਾ ਦੀ, ਜਿਸ ਵਿੱਚ ਗਰਭ ਵਿਚ ਇਕ ਤੋਂ ਵੱਧ ਬੱਚੇ ਹਨ
- ਤੁਹਾਡੇ ਅਣਜੰਮੇ ਬੱਚੇ ਦੀ ਉਮਰ
- ਤੁਹਾਡੀ ਗਰਭ ਅਵਸਥਾ ਵਿੱਚ ਕੁਝ ਅਸਧਾਰਨਤਾਵਾਂ ਲਈ।

ਅਲਟਰਾਸਾਉਂਡ ਕ੍ਰੋਮੋਸੋਮਲ ਅਸਧਾਰਨਤਾਵਾਂ ਨੂੰ ਬਾਹਰ ਨਹੀਂ ਕੱਢਦੀ ਅਤੇ ਨਾ ਹੀ ਸਾਰੀਆਂ ਅਸਧਾਰਨਤਾਵਾਂ ਅਲਟਰਾਸਾਉਂਡ ਚਿੱਤਰਾਂ 'ਤੇ ਦੇਖੀਆਂ ਜਾ ਸਕਦੀਆਂ ਹਨ। ਅਲਟਰਾਸਾਉਂਡ ਚਿੱਤਰ ਦੀ ਗੁਣਵੱਤਾ ਮਾਂ ਦੇ ਵਜ਼ਨ, ਭਰੂਣ ਦੀ ਜਗ੍ਹਾ ਅਤੇ ਦਾਗ਼ੀ/ ਜਖ਼ਮੀ ਟਿਸ਼ੂ ਦੀ ਮੌਜੂਦਗੀ
- ਤੁਹਾਡੇ ਬੱਚੇ ਦੀ ਸਥਿਤੀ ਅਤੇ ਪਲੇਸੈਂਟਾ (ਜ਼ੇਰ)
- ਤੁਹਾਡੇ ਬੱਚੇਦਾਨੀ
- ਤੁਹਾਡੇ ਬੱਚੇ ਦੇ ਦੁਆਲੇ ਐਮਨੀਓਟਿਕ ਤਰਲ,
- ਤੁਹਾਡੇ ਬੱਚੇ ਦੇ ਵਧਣ-ਫੁੱਲਣ ਅਤੇ ਤੰਦਰੁਸਤੀ ਦੁਆਰਾ ਸੀਮਿਤ ਹੋ ਸਕਦੀ ਹੈ।

ਓਬਸਟੈਟ੍ਰਿਕ (ਜਣੇਪੇ ਸੰਬੰਧੀ) ਅਲਟਰਾਸਾਉਂਡ ਇੱਕ ਦਰਦ ਰਹਿਤ ਪ੍ਰਕਿਰਿਆ ਹੈ, ਇਸ ਵਿਚ ਬੇਹੋਸ਼ ਕਰਨ ਦੀ ਜ਼ਰੂਰਤ ਨਹੀਂ ਹੁੰਦੀ।

## ਇਸ ਪ੍ਰਕਿਰਿਆ ਦੀ ਤਿਆਰੀ

ਮੈਡੀਕਲ ਇਮੇਜਿੰਗ ਵਿਭਾਗ ਤੁਹਾਨੂੰ ਤੁਹਾਡੇ ਸਕੈਨ ਦੀ ਤਿਆਰੀ ਬਾਰੇ ਨਿਰਦੇਸ਼ ਦੇਵੇਗਾ, ਇਸ ਵਿਚ ਇਹ ਸ਼ਾਮਲ ਹੋ ਸਕਦੇ ਹਨ:
- ਪਿਸ਼ਾਬ ਦਾ ਜ਼ੋਰ ਪਿਆ ਹੋਵੇ
- ਕੋਈ ਢਿੱਲਾ, ਦੋ-ਟੁਕੜਿਆਂ ਦਾ ਪਹਿਰਾਵਾ ਪਹਿਨੋ ਕਿਉਂਕਿ ਤੁਹਾਡੇ ਪੇਟ ਦੇ ਸਿਰਫ ਹੇਠਲੇ ਹਿੱਸੇ ਨੂੰ ਹੀ ਇਸ ਪ੍ਰਕਿਰਿਆ ਲਈ ਨੰਗੇ ਕਰਨ ਦੀ ਜ਼ਰੂਰਤ ਹੈ।

## ਇਸ ਪ੍ਰਕਿਰਿਆ ਦੇ ਦੌਰਾਨ

ਕਮਰੇ ਵਿਚ ਲਾਈਟਾਂ ਮੱਧਮ ਕਰ ਦਿੱਤੀਆਂ ਜਾਣਗੀਆਂ ਤਾਂ ਜੋ ਤਸਵੀਰਾਂ ਵਧੇਰੇ ਸਪੱਸ਼ਟ ਦਿਖਾਈ ਦੇਣ।

ਅਲਟਰਾਸਾਉਂਡ ਜੈੱਲ ਤੁਹਾਡੇ ਪੇਟ 'ਤੇ ਲਗਾ ਦਿੱਤਾ ਜਾਵੇਗਾ। ਜੈੱਲ ਪੜਤਾਲ ਨੂੰ ਆਸਾਨੀ ਨਾਲ ਚਮੜੀ 'ਤੇ ਤਿਲਕਣ ਦਿੰਦਾ ਹੈ ਅਤੇ ਸਾਫ਼ ਤਸਵੀਰਾਂ ਤਿਆਰ ਕਰਨ ਵਿਚ ਮਦਦ ਕਰਦਾ ਹੈ।

ਅਲਟਰਾਸਾਉਂਡ ਤਸਵੀਰਾਂ ਲਈਆਂ ਜਾਂ ਚੁੱਕੀਆਂ ਹਨ।

ਸਕੈਨ ਹੋਣ ਤੋਂ ਬਾਅਦ, ਜੈੱਲ ਤੁਹਾਡੀ ਚਮੜੀ ਤੋਂ ਪੂੰਝ ਦਿੱਤਾ ਜਾਵੇਗਾ।

ਇਸ ਪ੍ਰਕਿਰਿਆ 'ਤੇ ਨਿਰਭਰ ਕਰਦਿਆਂ ਅਲਟਰਾਸਾਉਂਡ ਨੂੰ 30 ਤੋਂ 60 ਮਿੰਟ ਲੱਗ ਸਕਦੇ ਹਨ। ਇਹ ਸਮਾਂ ਸੀਮਾ ਤੁਹਾਡੇ ਅਣਜੰਮੇ ਬੱਚੇ ਦੀ ਸਥਿਤੀ ਅਤੇ ਹਿਲ-ਜੁੱਲ 'ਤੇ ਨਿਰਭਰ ਕਰਦਾ ਹੈ।

ਕਈ ਵਾਰੀ, ਤਸਵੀਰਾਂ ਰਾਹੀਂ ਮਿਲੇ ਵੇਰਵੇ ਨੂੰ ਬਿਹਤਰ ਬਣਾਉਣ ਲਈ ਟ੍ਰਾਂਸ-ਵਜਾਇਨਲ (ਯੋਨੀ ਰਾਹੀਂ) ਅਲਟਰਾਸਾਉਂਡ ਸਕੈਨ ਦੀ ਜ਼ਰੂਰਤ ਹੁੰਦੀ ਹੈ।

ਜੇ ਤੁਹਾਡਾ ਟ੍ਰਾਂਸ-ਵਜਾਇਨਲ (ਯੋਨੀ ਰਾਹੀਂ) ਸਕੈਨ ਹੋਵੇਗਾ ਤਾਂ ਇਸ ਪ੍ਰਕਿਰਿਆ ਬਾਰੇ ਤੁਹਾਨੂੰ ਦੱਸਿਆ ਜਾਵੇਗਾ। ਇਸ ਦੇ ਬਾਅਦ, ਪ੍ਰਕਿਰਿਆ ਦੇ ਇਸ ਹਿੱਸੇ ਨੂੰ ਕਰਨ ਲਈ ਤੁਹਾਡੀ ਲਿਖਤੀ ਸਹਿਮਤੀ ਲਈ ਜਾ ਸਕਦੀ ਹੈ। ਦੂਜਾ ਸਟਾਫ ਮੈਂਬਰ ਵੀ ਤੁਹਾਡੇ ਟ੍ਰਾਂਸਵਜਾਇਨਲ ਸਕੈਨ ਦੇ ਦੌਰਾਨ ਕਮਰੇ ਵਿੱਚ ਮੌਜੂਦ ਹੋ ਸਕਦਾ ਹੈ।

ਟ੍ਰਾਂਸਵਾਜਾਈਨਲ ਅਲਟਰਾਸਾਉਂਡ ਇਕ ਗਾਇਨੀਕੋਲੋਜੀਕਲ ਜਾਂਚ ਦੇ ਸਮਾਨ ਹੈ। ਤੁਹਾਨੂੰ ਇੱਕ ਚਾਦਰ ਨਾਲ ਢੱਕਿਆ ਜਾਵੇਗਾ। ਇੱਕ ਛੋਟਾ ਜਿਹਾ ਅਲਟਰਾਸਾਉਂਡ ਟ੍ਰਾਂਸਡੁਸਰ ਯੋਨੀ ਵਿੱਚ ਪਾਇਆ ਜਾਵੇਗਾ।

## 2. ਇਸਦੇ ਕੀ ਜ਼ੋਖਮ ਹਨ?

ਅਲਟਰਾਸਾਉਂਡ ਕਰਵਾਉਣ ਤੋਂ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਜਾਣਿਆ ਜਾਂਦਾ ਜ਼ੋਖਮ ਨਹੀਂ ਹੈ। ਇਹ ਇਕ ਬਹੁਤ ਹੀ ਸੁਰੱਖਿਅਤ ਪ੍ਰਕਿਰਿਆ ਮੰਨੀ ਜਾਂਦੀ ਹੈ।

ਇਹ ਪ੍ਰਕਿਰਿਆ ਮੈਡੀਕਲ ਅਤੇ / ਜਾਂ ਤਕਨੀਕੀ ਕਾਰਨਾਂ ਕਰਕੇ ਸੰਭਵ ਨਹੀਂ ਵੀ ਹੋ ਸਕਦੀ।

### ਓਬਸਟੈਟ੍ਰਿਕ (ਜਣੇਪੇ ਸੰਬੰਧੀ) ਅਲਟਰਾਸਾਉਂਡ ਨਾ ਕਰਵਾਉਣ ਦੇ ਕੀ ਜ਼ੋਖਮ ਹਨ?

ਇਸਦੇ ਮਾੜੇ ਸਿੱਟੇ ਨਿਕਲ ਸਕਦੇ ਹਨ, ਜੇ ਤੁਸੀਂ ਪ੍ਰਸਤਾਵਿਤ ਪ੍ਰਕਿਰਿਆ / ਇਲਾਜ / ਜਾਂਚ / ਪ੍ਰੀਖਣ ਨਹੀਂ ਕਰਵਾਉਂਦੇ ਹੋ। ਕਿਰਪਾ ਕਰਕੇ ਇਨ੍ਹਾਂ ਬਾਰੇ ਡਾਕਟਰ / ਕਲੀਨੀਸ਼ੀਅਨ ਨਾਲ ਵਿਚਾਰ ਕਰੋ।

## 3. ਕੀ ਇਸਦੇ ਕੋਈ ਬਦਲ ਮੌਜੂਦ ਹਨ?

ਕਿਸੇ ਪ੍ਰਕਿਰਿਆ ਨੂੰ ਕਰਵਾਉਣ ਦਾ ਫੈਸਲਾ ਲੈਣ ਲਈ ਮਰੀਜ਼ / ਬਦਲਵੇਂ ਤੌਰ 'ਤੇ ਫੈਸਲਾ ਲੈਣ ਵਾਲੇ ਵਿਅਕਤੀ ਨੂੰ ਉਪਲਬਧ ਵਿਕਲਪਾਂ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ। ਕਿਰਪਾ ਕਰਕੇ ਆਪਣੇ ਡਾਕਟਰ / ਕਲੀਨੀਸ਼ੀਅਨ ਨਾਲ ਕਿਸੇ ਵੀ ਵਿਕਲਪਕ ਇਲਾਜ਼ ਬਾਰੇ ਵਿਚਾਰ ਕਰੋ।

## 4. ਇਸ ਪ੍ਰਕਿਰਿਆ ਤੋਂ ਬਾਅਦ ਮੈਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਤੁਹਾਡੀ ਸਿਹਤ ਦੇਖਭਾਲ ਟੀਮ ਤੁਹਾਡੇ ਨਾਲ ਗੱਲ ਕਰੇਗੀ ਕਿ ਤੁਹਾਡੀ ਪ੍ਰਕਿਰਿਆ ਤੋਂ ਬਾਅਦ ਅਤੇ ਹਸਪਤਾਲ ਤੋਂ ਡਿਸਚਾਰਜ ਹੋਣ 'ਤੇ ਤੁਸੀਂ ਕੀ ਉਮੀਦ ਕਰ ਸਕਦੇ ਹੋ।

## 5. ਇਸ ਪ੍ਰਕਿਰਿਆ ਨੂੰ ਕੌਣ ਕਰੇਗਾ?

ਸਲਾਹਕਾਰ / ਮਾਹਰ ਤੋਂ ਇਲਾਵਾ ਕੋਈ ਡਾਕਟਰ / ਕਲੀਨੀਸ਼ੀਅਨ ਕਲੀਨਿਕੀ ਤੌਰ 'ਤੇ ਢੁਕਵੀਂ ਪ੍ਰਕਿਰਿਆ / ਇਲਾਜ / ਜਾਂਚ / ਪ੍ਰੀਖਿਆ ਵਿਚ ਸਹਾਇਤਾ ਕਰ / ਕਰ ਸਕਦਾ ਹੈ।

ਇਹ ਹੋ ਸਕਦਾ ਹੈ ਡਾਕਟਰ / ਕਲੀਨੀਸ਼ੀਅਨ ਅੱਗੇ ਦੀ ਸਿਖਲਾਈ ਲੈ ਰਹੇ ਹਨ, ਹਾਲਾਂਕਿ ਸਾਰੇ ਸਿਖਿਆਰਥੀ ਢੁਕਵੇਂ ਪੇਸ਼ੇਵਰ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਗਰਾਨੀ ਅਧੀਨ ਕੰਮ ਕਰਦੇ ਹਨ।

ਜੇ ਤੁਹਾਨੂੰ ਕੋਈ ਚਿੰਤਾ ਹੈ ਕਿ ਕਿਹੜਾ ਡਾਕਟਰ / ਕਲੀਨੀਸ਼ੀਅਨ ਪ੍ਰਕਿਰਿਆ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਡਾਕਟਰ / ਕਲੀਨੀਸ਼ੀਅਨ ਨਾਲ ਵਿਚਾਰ ਕਰੋ।

## 6. ਮੈਨੂੰ ਸਹਾਇਤਾ ਜਾਂ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਪਹਿਲਾਂ ਦੀ, ਦੌਰਾਨ ਦੀ ਅਤੇ ਬਾਅਦ ਦੀ-ਹਸਪਤਾਲ ਦੇਖਭਾਲ: ਕੁਈਨਜ਼ਲੈਂਡ ਹੈਲਥ ਵੈਬਸਾਈਟ www.qld.gov.au/health/services/hospital-care/before-after ਉਪਰ ਉਪਲਬਧ ਹੈ ਜਿਥੇ ਤੁਸੀਂ ਆਪਣੇ ਸਿਹਤ ਸੰਭਾਲ ਅਧਿਕਾਰਾਂ ਬਾਰੇ ਪੜ੍ਹ ਸਕਦੇ ਹੋ।

ਸਟਾਫ਼ ਮਰੀਜ਼ਾਂ ਦੀਆਂ ਸਭਿਆਚਾਰਕ ਅਤੇ ਅਧਿਆਤਮਿਕ ਲੋੜਾਂ ਅਨੁਸਾਰ ਸਹਾਇਤਾ ਕਰਨ ਲਈ ਉਪਲਬਧ ਹੈ। ਜੇ ਤੁਸੀਂ ਸੱਭਿਆਚਾਰਕ ਜਾਂ ਅਧਿਆਤਮਿਕ ਸਹਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਡਾਕਟਰ / ਕਲੀਨੀਸ਼ੀਅਨ ਨਾਲ ਵਿਚਾਰ ਕਰੋ।

ਕੁਈਨਜ਼ਲੈਂਡ ਹੈਲਥ ਮੰਨਦੀ ਹੈ ਕਿ ਆਦਿਵਾਸੀ ਅਤੇ ਟੋਰਸ ਸਟਰੇਟ ਆਈਲੈਂਡਰ ਦੇ ਮਰੀਜ਼ ਸਭ ਤੋਂ ਵਧੀਆ ਕਲੀਨਿਕਲ ਦੇਖਭਾਲ ਦਾ ਅਨੁਭਵ ਕਰਨਗੇ ਜਦੋਂ ਉਨ੍ਹਾਂ ਦਾ ਸਭਿਆਚਾਰ ਸਾਂਝੇ ਫੈਸਲੇ ਲੈਣ ਦੌਰਾਨ ਸ਼ਾਮਲ ਕੀਤਾ ਜਾਵੇਗਾ।

## 7. ਪ੍ਰਸ਼ਨ

ਕਿਰਪਾ ਕਰਕੇ ਡਾਕਟਰ / ਕਲੀਨੀਸ਼ਨ ਨੂੰ ਪੁੱਛੋ ਜੇ ਤੁਸੀਂ ਇਸ ਮਰੀਜ਼ ਜਾਣਕਾਰੀ ਸ਼ੀਟ ਦੇ ਕਿਸੇ ਵੀ ਪਹਿਲੂ ਨੂੰ ਨਹੀਂ ਸਮਝਦੇ ਜਾਂ ਜੇ ਤੁਹਾਨੂੰ ਆਪਣੇ / ਰੋਗੀ ਦੀ ਡਾਕਟਰੀ ਸਥਿਤੀ, ਇਲਾਜ ਦੇ ਵਿਕਲਪਾਂ ਅਤੇ ਪ੍ਰਸਤਾਵਿਤ ਵਿਧੀ / ਇਲਾਜ / ਜਾਂਚ / ਪ੍ਰੀਖਿਆ ਬਾਰੇ ਕੋਈ ਪ੍ਰਸ਼ਨ ਹਨ।

## 8. ਸਾਡੇ ਨਾਲ ਸੰਪਰਕ ਕਰੋ

**ਐਮਰਜੈਂਸੀ ਵਿੱਚ, ਟ੍ਰਿਪਲ ਜ਼ੀਰੋ (000) 'ਤੇ ਕਾਲ ਕਰੋ।**

ਜੇ ਇਹ ਕੋਈ ਐਮਰਜੈਂਸੀ ਨਹੀਂ ਹੈ, ਪਰ ਤੁਹਾਨੂੰ ਚਿੰਤਾ ਹੈ, ਤਾਂ 13 ਹੈਲਥ (13 43 25 84), ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਸੰਪਰਕ ਕਰੋ।

© The State of Queensland (Queensland Health) 2021. Except as permitted under the *Copyright Act 1968*, no part of this work may be reproduced communicated or adapted without permission from Queensland Health. To request permission email: ip_officer@health.qld.gov.au